# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ.ਨੰ:104-106,ਦੂਜੀ ਅਤੇ ਤੀਜੀ ਮੰਜਿਲ ,ਸੈਕਟਰ 34-ਏ, ਚੰਡੀਗੜ੍ਹ

ਵੱਲ

ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਪੰਜਾਬ।

ਮੀਮੋ ਨੰ:ਐਸਐਸਏ/ਐਮਸੀ/2009/73827-73846
ਮਿਤੀ,ਚੰਡੀਗੜ੍ਹ 28 ਅਕਤੂਬਰ 2009

**ਵਿਸ਼ਾ:- NMMS ਦੀ ਪ੍ਰੀਖਿਆ ਦੀ ਤਿਆਰੀ ਲਈ ਨੋਡਲ ਅਫ਼ਸਰ ਲਗਾਉਣ ਅਤੇ ਮੈਂਟਲ ਅਬੀਲਟੀ ਦੇ ਪੇਪਰਾਂ ਦੀ ਤਿਆਰੀ ਬਾਰੇ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਮਿਤੀ 22,23 ਅਕਤੂਬਰ 2009 ਨੂੰ ਹੋਈ **NMMS** ਦੀ ਤਿਆਰੀ ਦੇ ਸਬੰਧ ਵਿਚ ਲਏ ਗਏ ਮੋਕ ਟੈਸਟ ਦੀ ਫੀਡ ਬੈਕ ਤੋਂ ਪਤਾ ਲੱਗਿਆ ਹੈ ਕਿ **NMMS** ਦੀ ਤਿਆਰੀ ਦੀ ਘਾਟ ਦੇਖੀ ਗਈ ਹੈ। ਇਹ ਵੀ ਨੋਟਿਸ ਵਿਚ ਆਇਆ ਹੈ ਕਿ ਸਕੂਲ ਮੁਖੀ ਵੱਲੋਂ ਇਸ ਪ੍ਰੀਖਿਆ ਦੀ ਤਿਆਰੀ ਕਰਵਾਉਣ ਲਈ ਸਕੂਲ ਵਿਚੋਂ ਕਿਸੇ ਵੀ ਵਿਸ਼ੇਸ਼ ਅਧਿਆਪਕ ਨੂੰ ਇਸ ਦਾ ਇੰਚਾਰਜ ਜਾਂ ਨੋਡਲ ਅਫ਼ਸਰ ਨਿਯੁਕਤ ਨਹੀਂ ਕੀਤਾ ਗਿਆ ਹੈ । ਜਿਸ ਕਰਕੇ ਵਿਦਿਆਰਥੀਆਂ ਦੀ ਸਾਇੰਸ ਤੇ ਗਣਿਤ ਵਿਸ਼ੇ ਦੀ ਤਿਆਰੀ ਦੇ ਨਾਲ ਨਾਲ ਮੈਂਟਲ ਅਬੀਲਟੀ ਵੱਲ ਵੀ ਕੋਈ ਧਿਆਨ ਨਹੀਂ ਦਿੱਤਾ ਗਿਆ। ਇਸ ਗੱਲ ਦੀ ਕਮੀ ਨੂੰ ਪੂਰਾ ਕਰਨ ਲਈ ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਵੇ ਜਿਸ ਨਾਲ 8 ਨਵੰਬਰ 2009 ਨੂੰ ਹੋਣ ਵਾਲੀ ਪ੍ਰੀਖਿਆ ਲਈ ਸਾਇੰਸ ਜਾਂ ਮੈਥ ਦੇ ਇੱਕ ਅਧਿਆਪਕ ਨੂੰ ਵਿਦਿਆਰਥੀਆਂ ਦੀ ਤਿਆਰੀ ਲਈ ਨੋਡਲ ਅਫ਼ਸਰ ਨਿਯੁਕਤ ਕੀਤਾ ਜਾਵੇ।

3.0 ਉਪਰੋਕਤ ਕਮੀ ਨੂੰ ਦੇਖਦੇ ਹੋਏ ਡਿਪਟੀ ਡਾਇਰੈਕਟਰ SISE ਵੱਲੋਂ ਮੈਂਟਲ ਅਬੀਲਟੀ ਦੇ 300 ਪ੍ਰਸ਼ਨਾਂ ਦਾ ਇੱਕ ਪ੍ਰਸ਼ਨ ਬੈਂਕ ਤਿਆਰ ਕਰਕੇ ਵੈਬ-ਸਾਈਟ ਤੇ ਪਾਇਆ ਗਿਆ ਹੈ ਜਿਸ ਵਿਚ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਸਹੂਲਤ ਲਈ ਪ੍ਰਸ਼ਨਾਂ ਨੂੰ ਹਲ ਕਰਨ ਦੇ ਹਿੰਟ ਅਤੇ ਉਤਰ ਕੂੰਜੀ ਵੀ ਦਿੱਤੀ ਗਈ ਹੈ ਤਾਂ ਜੋ ਮੈਂਟਲ ਅਬੀਲਟੀ ਦੀ ਤਿਆਰੀ ਵਿਚ ਪਾਈ ਕਮੀ ਨੂੰ ਵੇਲੇ ਸਿਰ ਸੰਭਾਲਿਆ ਜਾ ਸਕੇ ਅਤੇ ਵੱਧ ਤੋਂ ਵੱਧ ਬੱਚਿਆਂ ਨੂੰ ਤਿਆਰੀ ਕਰਵਾਈ ਜਾ ਸਕੇ।

4.0 ਉਪਰੋਕਤ ਹਦਾਇਤਾਂ ਦੀ ਤੁਰੰਤ ਪਾਲਣਾ ਕੀਤੀ ਜਾਵੇ ਅਤੇ ਅਣਗਹਿਲੀ ਦੀ ਸੂਰਤ ਵਿਚ ਜ਼ਿੰਮੇਵਾਰੀ ਆਪ ਦੀ ਹੋਵੇਗੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ,ਚੰਡੀਗੜ੍ਹ**